BRAMPTON Flower City brampton.ca

media release

ਤੁਰੰਤ ਰਿਲੀਜ ਲਈ

**ਬ੍ਰੈਂਪਟਨ ਗਰਮੀ ਦੇ ਰੋਮਾਂਚਕ ਕਾਰਜਕਰਮਾਂ ਦੇ ਨਾਲ ਆਪਣੇ ਮੋਜੈਕ ਭਾਈਚਾਰੇ ਦਾ ਜਸ਼ਨ ਮਨਾਵੇਗਾ**

ਬ੍ਰੈਂਪਟਨ, ਓਨਟੈਰੀਓ (3 ਜੂਨ, 2019) – ਸਿਟੀ ਆਫ ਬ੍ਰੈਂਪਟਨ ਕਈ ਤਰ੍ਹਾਂ ਦੇ ਕਾਰਜਕਰਮਾਂ ਦੇ ਨਾਲ ਗਰਮੀ ਦੀ ਸ਼ੁਰੂਆਤ ਕਰ ਰਿਹਾ ਹੈ, ਜੋ ਬ੍ਰੈਂਪਟਨ ਦੇ ਵੰਨ-ਸੁਵੰਨੇ ਭਾਈਚਾਰੇ ਦਾ ਜਸ਼ਨ ਮਨਾਉਂਦੇ ਹਨ! ਪੂਰਾ ਜੂਨ ਅਤੇ ਜੁਲਾਈ ਪਰਿਵਾਰ-ਅਨੁਕੂਲਿਤ ਇਹਨਾਂ ਤਿਓਹਾਰਾਂ ਲਈ ਸਾਡੇ ਨਾਲ ਜੁੜੋ।

**ਭਾਈਚਾਰਕ ਪਛਾਣ ਵਾਲੇ ਕਾਰਜਕਰਮ**

ਕਾਰਜਕਰਮਾਂ ਦੀ ਇਸ ਨਵੀਂ ਸੂਚੀ ਦੇ ਨਾਲ ਬ੍ਰੈਂਪਟਨ ਦੀ ਸੰਪੰਨ ਸੱਭਿਆਚਾਰਕ ਵੰਨ-ਸੁਵੰਨਤਾ ਦੇਖੋ। ਇਹਨਾਂ ਵਿੱਚ ਸ਼ਾਮਲ ਹਨ, ਝੰਡਾ ਲਹਿਰਾਉਣਾ, ਪਰੰਪਰਿਕ ਭੋਜਨ ਅਤੇ ਸੱਭਿਆਚਾਰਕ ਪ੍ਰਦਰਸ਼ਨ। ਜੂਨ ਵਿੱਚ ਇੱਕੋ ਸੈਲੀਬ੍ਰੈਂਪਟਨ (CeleBrampton) ਦੀ ਬਜਾਏ, ਬ੍ਰੈਂਪਟਨ ਪੂਰਾ ਸਾਲ ਬ੍ਰੈਂਪਟਨ ਦੀ ਵੰਨ-ਸੁਵੰਨਤਾ ਨੂੰ ਸਨਮਾਨ ਦੇਣ ਲਈ ਨਵੇਂ ਅਤੇ ਵਿਸਤ੍ਰਿਤ ਕਾਰਜਕਰਮਾਂ ਦਾ ਆਯੋਜਨ ਕਰ ਰਿਹਾ ਹੈ।

ਇਹ ਜਸ਼ਨ ਨਿਵਾਸੀਆਂ ਲਈ ਹੋਰ ਸੱਭਿਆਚਾਰਾਂ ਬਾਰੇ ਅਤੇ ਸਾਡੇ ਸ਼ਹਿਰ ਨੂੰ ਬਣਾਉਣ ਵਾਲੇ ਕਈ ਭਾਈਚਾਰਿਆਂ ਬਾਰੇ ਜਾਣਨ ਦਾ ਸ਼ਾਨਦਾਰ ਮੌਕਾ ਹਨ।

ਜੂਨ ਵਿੱਚ ਭਾਈਚਾਰਕ ਪਛਾਣ ਵਾਲੇ ਇਹ ਕਾਰਜਕਰਮ ਹੋ ਰਹੇ ਹਨ:

- **ਇਟੈਲੀਅਨ ਹੈਰੀਟੇਜ ਮੰਥ (Italian Heritage Month) | 9 ਜੂਨ | ਸਵੇਰੇ 11 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ | ਗੇਜ ਪਾਰਕ (Gage Park)**
  ਝੰਡਾ ਲਹਿਰਾਉਣ ਅਤੇ ਬਾਰਬੇਕਿਉ ਦੇ ਨਾਲ ਇਟੈਲੀਅਨ ਹੈਰੀਟੇਜ ਮੰਥ ਦਾ ਜਸ਼ਨ ਮਨਾਓ।

- **ਫਿਲੀਪੀਨ ਹੈਰੀਟੇਜ ਮੰਥ (Philippine Heritage Month) | 13 ਜੂਨ | ਸ਼ਾਮ 5 ਵਜੇ ਤੋਂ 8 ਵਜੇ ਤੱਕ| ਸਿਟੀ ਹਾਲ ਐਟਰੀਅਮ (City Hall Atrium)**
  ਇਸ ਕਾਰਜਕਰਮ ਵਿੱਚ ਮਸ਼ਹੂਰ ਠੰਡੇ ਅਤੇ ਮਿੱਠੇ ਭੋਜਨ ਪਦਾਰਥ ਹਾਲੋ ਹਾਲੋ (Halo-Halo) ਸਮੇਤ ਪਰੰਪਰਿਕ ਭੋਜਨ ਦਾ ਸੁਆਦ ਲਓ ਅਤੇ ਲਾਈਵ ਪ੍ਰਦਰਸ਼ਨ ਦਾ ਮਜ਼ਾ ਲਵੋ। ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ ਵੀ 11 ਜੂਨ ਨੂੰ ਸਵੇਰੇ 9 ਵਜੇ ਕੇਨ ਵ੍ਹਿਲੈਨਸ ਸਕਵੇਅਰ (Ken Whillans Square) ਵਿੱਚ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ, ਜਦੋਂ ਅਸੀਂ ਫਿਲੀਪੀਂਸ (Philippines) ਦਾ ਝੰਡਾ ਲਹਿਰਾਵਾਂਗੇ।

- **ਪੁਰਤਗੀਜ ਹੈਰੀਟੇਜ ਮੰਥ (Portuguese Heritage Month) | 15 ਅਤੇ 16 ਜੂਨ | ਦੁਪਹਿਰ ਬਾਅਦ 3 ਵਜੇ ਤੋਂ ਰਾਤ 11 ਵਜੇ ਤੱਕ ਅਤੇ ਦੁਪਹਿਰ 12 ਵਜੇ ਤੋਂ ਰਾਤ 9 ਵਜੇ ਤੱਕ| ਕੇਨ ਵ੍ਹਿਲੈਨਸ ਸਕਵੇਅਰ (Ken Whillans Square)**
  15 ਜੂਨ ਨੂੰ ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 4 ਵਜੇ ਤੱਕ ਗਾਰਡਨ ਸਕਵੇਅਰ (Garden Square) ਵਿੱਚ ਸੱਭਿਆਚਾਰਕ ਭੋਜਨ ਅਤੇ ਮਨੋਰੰਜਨ ਦੇ ਨਾਲ ਝੰਡਾ ਲਹਿਰਾਉਣ ਦੀ ਰਸਮ ਵਿੱਚ ਸ਼ਾਮਲ ਹੋਵੋ। ਇਸਦੇ ਬਾਅਦ ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ ਲੁਸੋਫੋਨੀਆ ਫੈਸਟੀਵਲ (Lusofonia Festival) ਮਨਾਇਆ ਜਾਵੇਗਾ। ਤਿਓਹਾਰ 16 ਜੂਨ ਨੂੰ ਦੁਪਹਿਰ 12 ਵਜੇ ਤੋਂ ਰਾਤ 9 ਵਜੇ ਤੱਕ ਜਾਰੀ ਰਹਿਣਗੇ।

**ਫਾਰਮਰਸ ਮਾਰਕੀਟ ਓਪਨਿੰਗ ਡੇ (Farmers' Market Opening Day) | 15 ਜੂਨ | ਸਵੇਰੇ 7 ਵਜੇ ਤੋਂ ਦੁਪਹਿਰ ਬਾਅਦ 1 ਵਜੇ ਤੱਕ | ਕਵੀਨ (Queen) ਵਿਖੇ ਮੇਨ ਸਟ੍ਰੀਟ (Main Street)**

ਸਥਾਨਕ ਪ੍ਰਦਰਸ਼ਕਾਂ ਵੱਲੋਂ ਲਾਈਵ ਮਿਊਜਿਕ, ਪਰਿਵਾਰਕ ਗਤੀਵਿਧੀਆਂ ਅਤੇ ਫ੍ਰੈਂਕੀ ਫਲਾਵਰਸ (Frankie Flowers) ਵੱਲੋਂ ਬਾਗਬਾਨੀ ਸਬੰਧੀ ਸੁਝਾਵਾਂ ਦੇ ਨਾਲ ਬ੍ਰੈਂਪਟਨ ਫਾਰਮਾਰਸ ਮਾਰਕੀਟ (Brampton Farmers' Market) ਦੀ ਸ਼ੁਰੂਆਤ ਕਰੋ। ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ 15 ਜੂਨ ਤੋਂ 12 ਅਕਤੂਬਰ ਤੱਕ ਹਰ ਸ਼ਨੀਵਾਰ ਸਵੇਰੇ ਨੂੰ ਤਾਜ਼ੇ ਸਥਾਨਕ ਫਲ ਅਤੇ ਸਬਜ਼ੀਆਂ ਅਤੇ ਘਰ ਦਾ ਬਣਿਆ ਸਮਾਨ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

**ਨੈਸ਼ਨਲ ਇੰਡੀਜੀਨਸ ਪੀਪਲਸ ਡੇ (National Indigenous Peoples Day) | 21 ਜੂਨ | ਦੁਪਹਿਰ ਬਾਅਦ 12:30 ਵਜੇ ਤੋਂ 2 ਵਜੇ ਤੱਕ, ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ | ਗਾਰਡਨ ਸਕਵੇਅਰ (Garden Square)**

ਇੰਡੀਜੀਨਸ ਨੈੱਟਵਰਕ (Indigenous Network) ਵੱਲੋਂ ਪੇਸ਼ ਕੀਤੇ ਜਾਣ ਵਾਲੇ ਪ੍ਰਦਰਸ਼ਨ, ਡਾਂਸ, ਕਹਾਣੀ ਸੁਣਾਉਣ ਆਦਿ ਦੇ ਨਾਲ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦਾ ਜਸ਼ਨ ਮਨਾਓ। ਦੁਪਹਿਰ 12:30 ਵਜੇ ਤੋਂ 2 ਵਜੇ ਤੱਕ ਸਮਾਰੋਹ ਅਤੇ ਭਾਈਚਾਰਕ ਪ੍ਰਦਰਸ਼ਨ ਹੋਵੇਗਾ, ਉਸਦੇ ਬਾਅਦ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਡੀ.ਜੇ. ਕਲਾਸਿਕ ਰੂਟਸ (DJ Classic Roots) ਅਤੇ ਇਸਕਵੇ (iskwē) ਦੁਆਰਾ ਲਾਈਵ ਪ੍ਰਦਰਸ਼ਨ ਹੋਣਗੇ।

**ਬ੍ਰੈਂਪਟਨ ਸੈਲੀਬ੍ਰੇਟਸ ਕੈਨੇਡਾ ਡੇ (Brampton Celebrates Canada Day) | 1 ਜੁਲਾਈ | ਦੁਪਹਿਰ 12 ਵਜੇ ਤੋਂ ਰਾਤ 10 ਵਜੇ ਤੱਕ | ਚਿੰਗਕੂਜ਼ੀ ਪਾਰਕ (Chinguacousy Park)**

ਕੈਨੇਡਾ ਦੀ ਵਰ੍ਹੇਗੰਢ ਨੂੰ, ਬ੍ਰੈਂਪਟਨ ਦੇ ਸਾਲ ਦੇ ਸਭ ਤੋਂ ਵੱਡੇ ਤਿਓਹਾਰ ਵਿੱਚ ਹਿੱਸਾ ਲਓ! ਹਵਾ ਵਿੱਚ ਫੁਲਾਉਣ ਵਾਲੀਆਂ ਚੀਜ਼ਾਂ, ਅੰਤਰਰਾਸ਼ਟਰੀ ਭੋਜਨ ਦੇ ਜਾਣਕਾਰ ਭੋਜਨ ਪਦਾਰਥ ਵਿਕਰੇਤਾ ਅਤੇ ਟਿਮ ਹੋਰਟਨਸ (Tim Hortons) ਵੱਲੋਂ ਪੇਸ਼ ਕੀਤੇ ਜਾਣ ਵਾਲੇ ਪਟਾਕਿਆਂ ਦੇ ਸ਼ਾਨਦਾਰ ਸ਼ੋ ਸਮੇਤ ਮਜ਼ੇਦਾਰ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਦਾ ਅਨੰਦ ਮਾਣੋ। ਇਸ ਸਾਲ ਦੇ ਲਾਈਵ ਮਨੋਰੰਜਨ ਸੂਚੀ ਦੀ ਅਧਿਕਾਰਕ ਘੋਸ਼ਣਾ ਲਈ ਸੁਚੇਤ ਰਹੋ।

**ਪ੍ਰਾਈਡ ਇਨ ਦ ਸਕਵੇਅਰ (Pride in the Square) | 7 ਜੁਲਾਈ | ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 9 ਵਜੇ ਤੱਕ | ਗਾਰਡਨ ਸਕਵੇਅਰ (Garden Square)**

ਹਰ ਉਮਰ ਦੇ ਲੋਕਾਂ ਲਈ ਕਲਾ, ਪ੍ਰਦਰਸ਼ਨ ਅਤੇ ਪ੍ਰੋਗਰਾਮਿੰਗ ਦੁਆਰਾ ਬ੍ਰੈਂਪਟਨ ਦੇ ਜੋਸ਼ੀਲੇ LGBTTIQQ2SA ਭਾਈਚਾਰਿਆਂ ਦਾ ਜਸ਼ਨ ਮਨਾਓ। ਕਈ ਤਰ੍ਹਾਂ ਦੇ ਭਾਈਚਾਰਕ ਪ੍ਰਦਰਸ਼ਕਾਂ ਨੂੰ ਬ੍ਰਾਊਜ਼ ਕਰੋ ਅਤੇ ਦੁਪਹਿਰ ਤੋਂ ਸ਼ਾਮ ਤੱਕ ਲਾਈਵ ਮਨੋਰੰਜਨ ਦਾ ਮਜ਼ਾ ਲਵੋ, ਇਸ ਵਿੱਚ ਮੁੱਖ ਪ੍ਰਦਰਸ਼ਕ ਟੂ ਅਟੈਚਡ (Too Attached) ਅਤੇ ਕਲਾਕਾਰਾਂ ਫੇ ਐਂਡ ਫਲਫੀ (Fay & Fluffy), ਫਲਾਈ ਲੇਡੀ ਡੀ (Fly Lady Di) ਅਤੇ ਕਵਾਰਟਰਬੈਕ (Quarterback) ਨੂੰ ਪੇਸ਼ ਕੀਤਾ ਜਾਏਗਾ।

ਇਹਨਾਂ ਬਾਰੇ ਅਤੇ ਆਉਣ ਵਾਲੇ ਹੋਰ ਕਾਰਜਕਰਮਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/events ਤੇ ਜਾਓ।

**ਹਵਾਲਾ**

"ਬ੍ਰੈਂਪਟਨ ਨਿਵਾਸੀਆਂ ਅਤੇ ਆਉਣ ਵਾਲਿਆਂ ਵੱਲੋਂ ਅਨੰਦ ਮਾਣਨ ਲਈ ਕਈ ਤਰ੍ਹਾਂ ਦੇ ਸ਼ਾਨਦਾਰ ਤਿਓਹਾਰ ਅਤੇ ਕਾਰਜਕਰਮ ਪੇਸ਼ ਕਰਦਾ ਹੈ। ਬ੍ਰੈਂਪਟਨ ਦੀ ਵੰਨ-ਸੁਵੰਨਤਾ ਦੇਖੋ, ਸ਼ਾਨਦਾਰ ਭੋਜਨ ਦਾ ਮਜ਼ਾ ਲਵੋ, ਅਵਾਰਡ-ਜੇਤੂ ਮਨੋਰੰਜਨ ਪੇਸ਼ ਕਰਨ ਵਾਲਿਆਂ ਨੂੰ ਅਤੇ ਉੱਭਰਦੇ ਸਥਾਨਕ ਕਲਾਕਾਰਾਂ ਨੂੰ ਮਿਲੋ ਅਤੇ ਉਸ ਹਰ ਚੀਜ਼ ਦਾ ਜਸ਼ਨ ਮਨਾਓ, ਜੋ ਸਾਡਾ ਮੋਜੈਕ ਸ਼ਹਿਰ ਪੇਸ਼ ਕਰਦਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON Flower City
brampton.ca

# media release


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca